ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,
ਈਮੇਲ: directorscert@punjabeducation.gov.in, ਫੋਨ ਨੰ: 0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸਮੂਹ ਸਕੂਲ ਮੁਖੀ (PM Shri Schools ਤੋਂ ਇਲਾਵਾ)
ਪੰਜਾਬ।

ਮੈਟੀਰੀਅਲ ਡਾਊਨਲੋਡ ਕਰਨ ਲਈ QR Code ਸਕੈਨ

ਮੀਮੋ ਨੰ: e- 1186849 /SCERT, QP/UP/ 2026307826
ਮਿਤੀ: ਐਸ.ਏ.ਐਸ.ਨਗਰ, 19-10-2026

ਵਿਸ਼ਾ: ਰਾਜ ਦੇ ਸਮੂਹ ਸਰਕਾਰੀ ਸਕੂਲਾਂ (PM Shri ਤੋਂ ਇਲਾਵਾ) ਵਿੱਚ 9ਵੀਂ ਤੋਂ 12ਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ ਸਮੱਗਰ ਸਿੱਖਿਆ ਅਭਿਆਨ ਤਹਿਤ LEP ਗਤੀਵਿਧੀ ਅਧੀਨ CEP ਲਈ ਫੰਡ ਜਾਰੀ ਕਰਵਾਉਣ ਸੰਬੰਧੀ।

ਹਵਾਲਾ ਪੱਤਰ ਨੰ. e- 1186849 /SCERT, QP/UP/ 2026231340 ਮਿਤੀ 26-08-2026

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਉਕਤ ਹਵਾਲਾ ਪੱਤਰ ਰਾਹੀਂ ਰਾਜ ਦੇ ਸਮੂਹ ਸਰਕਾਰੀ ਸਕੂਲਾਂ (PM Shri ਤੋਂ ਇਲਾਵਾ) ਵਿੱਚ Competency Enhancement Program (CEP) ਚਲਾਇਆ ਜਾ ਰਿਹਾ ਹੈ। ਇਸ ਪੱਤਰ ਰਾਹੀਂ CEP ਤਹਿਤ ਰਾਜ ਦੇ ਸਮੂਹ ਸਰਕਾਰੀ ਸਕੂਲਾਂ (PM Shri ਤੋਂ ਇਲਾਵਾ) ਵਿੱਚ Competency Based ਵਰਕਸ਼ੀਟਾਂ ਤਿਆਰ ਕਰਵਾ ਕੇ ਭੇਜੀਆਂ ਗਈਆਂ ਸਨ।

3.0 ਉਕਤ ਸੰਬੰਧੀ ਰਾਜ ਦੇ ਸਮੂਹ ਸਰਕਾਰੀ ਸਕੂਲਾਂ (PM Shri ਤੋਂ ਇਲਾਵਾ) ਵਿੱਚ 9ਵੀਂ ਤੋਂ 12ਵੀਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਪ੍ਰਮੁੱਖ ਵਿਸ਼ਿਆਂ (ਗਣਿਤ, ਸਾਇੰਸ, ਸਸ, ਅੰਗ੍ਰੇਜੀ, ਪੰਜਾਬੀ ਅਤੇ ਹਿੰਦੀ) ਦੀਆਂ competency Based Questions ਦੀਆਂ worksheets ਨੂੰ Print/photocopy ਕਰਨ ਲਈ 50 ਰੁਪਏ ਪ੍ਰਤੀ ਵਿਦਿਆਰਥੀ ਫੰਡ ਸਮੱਗਰ ਸਿੱਖਿਆ ਅਭਿਆਨ ਤਹਿਤ C2314- LEP (IX-XII) ਗਤੀਵਿਧੀ ਅਧੀਨ ਵਿੱਤ ਸ਼ਾਖਾ ਦੇ ਮੀਮੋ ਨੰ. E-1186849/SCERT-TR202/11/2026-TRAINING-SCERT I/1519490/2026 ਮਿਤੀ ਐਸ.ਏ.ਐਸ. ਨਗਰ 05-10-2026 ਰਾਹੀਂ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਨੂੰ ਫੰਡ ਭੇਜੇ ਜਾ ਚੁੱਕੇ ਹਨ। ਇਸ ਦੀ ਜ਼ਿਲ੍ਹਾ-ਵਾਰ ਵੰਡ ਹੇਠ ਲਿਖੇ

ਅਨੁਸਾਰ ਹੈ (ਇਸ ਸੰਬੰਧੀ ਵਿਦਿਆਰਥੀਆਂ ਦੀ ਗਿਣਤੀ MSTAR ਦੇ MIS 2.0 ਤੋਂ ਮਿਤੀ 15-09-2026 ਨੂੰ ਪ੍ਰਾਪਤ ਕੀਤੀ ਗਈ ਹੈ):

District	9th	10th	11th	12th	Enrollment 9-12	Allocation done at Rs 50 per child
AMRITSAR	11096	12074	10652	10277	44099	2204950
BARNALA	2532	2989	2356	2182	10059	502950
BATHINDA	8076	7797	6913	6161	28947	1447350
FARIDKOT	3212	3256	2953	2797	12218	610900
FATEHGARH SAHIB	2848	3007	3131	2909	11895	594750
FAZILKA	8720	8716	8012	7225	32673	1633650
FEROZEPUR	5481	5417	4780	4580	20258	1012900
GURDASPUR	6547	8007	6972	7200	28726	1436300
HOSHIARPUR	7040	8203	7231	7009	29483	1474150
JALANDHAR	9099	10115	9880	9320	38414	1920700
KAPURTHALA	3261	3690	3207	2918	13076	653800
LUDHIANA	16088	15231	14731	14247	60297	3014850
MALERKOTLA	1679	1753	1675	1627	6734	336700
MANSA	4828	5211	4341	4424	18804	940200
MOGA	5222	5543	4626	4340	19731	986550
MUKTSAR	6011	5671	4778	4362	20822	1041100
PATHANKOT	2506	3097	2979	3013	11595	579750
PATIALA	8297	9838	8213	8246	34594	1729700
ROOPNAGAR	3432	3936	3644	3861	14873	743650
S.B.S. NAGAR	2681	3205	2883	2723	11492	574600
SANGRUR	6144	6687	6098	5931	24860	1243000
SAS NAGAR	5575	5227	5393	4743	20938	1046900
TARN TARAN	6592	6870	5448	5074	23984	1199200
Grand Total	**136967**	**145540**	**130896**	**125169**	**538572**	**2,69,28,600**

(In words Rs. Two Crore Sixty Nine Lakhs Twenty Eight thousand Six Hundred only)

4.0 ਉਕਤ ਸੰਬੰਧੀ ਫੰਡਾਂ ਦੀ ਵਰਤੋਂ ਸੰਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹੈ:

4.1. ਇਸ ਸੰਬੰਧੀ ਵਰਕਸ਼ੀਟਾਂ ਦੀ ਫੋਟੋ ਕਾਪੀ /ਪ੍ਰਿੰਟ ਦੇ ਕੰਮ ਲਈ ਸਕੂਲ ਪੱਧਰ ਤੇ ਇੱਕ ਕਮੇਟੀ ਦਾ ਗਠਨ ਕਰ ਲਿਆ ਜਾਵੇ, ਜਿਸ ਦੇ ਹੇਠ ਲਿਖੇ ਮੈਂਬਰਜ਼ ਹੋਣਗੇ:-

1. ਸਕੂਲ ਮੁੱਖੀ
2. ਸਕੂਲ ਦੇ ਤਿੰਨ ਸੀਨੀਅਰ ਲੈਕਚਰਾਰ/ਅਧਿਆਪਕ
3. SMC ਦਾ ਇਕ ਮੈਂਬਰ

4.2. ਸਕੂਲਾਂ ਦੇ ਮੁਖੀ ਉਪਰੋਕਤ ਕਮੇਟੀ ਵਿੱਚ ਵਿਚਾਰ-ਵਟਾਂਦਰਾ ਕਰਨ ਉਪਰੰਤ ਮਤਾ ਪਾ ਕੇ ਹੀ ਵਰਕਸ਼ੀਟਾਂ ਦੀ ਫੋਟੋ ਕਾਪੀ/ ਪ੍ਰਿੰਟਿਗ ਦਾ ਕੰਮ ਕਰਵਾਉਣਗੇ। ਇਸਦੀ ਵਧੀਆਂ Quality ਨੂੰ ਸੁਨਿਸ਼ਚਿਤ ਕੀਤਾ ਜਾਵੇ।

4.3. ਉਕਤ ਸੰਬੰਧੀ ਪੱਤਰ ਨੰ. 1186849/ SCERT, QP/UP/2026231340 ਮਿਤੀ: 26-08-2026 ਰਾਹੀਂ CEP ਤਹਿਤ ਰਾਜ ਦੇ ਸਮੂਹ ਸਰਕਾਰੀ ਸਕੂਲਾਂ (PM Shri ਤੋਂ ਇਲਾਵਾ) ਵਿੱਚ Competency Based ਵਰਕਸ਼ੀਟਾਂ ਤਿਆਰ ਕਰਵਾ ਕੇ ਭੇਜੀਆਂ ਗਈਆਂ ਸਨ। ਇਹਨਾਂ ਵਿੱਚੋਂ ਵਿਦਿਆਰਥੀਆਂ ਲਈ ਅਤੀ ਜਰੂਰੀ ਵਰਕਸ਼ੀਟਾਂ ਨਾਲ ਨੱਥੀ (QR ਕੋਡ ਨੂੰ ਸਕੈਨ ਕਰਕੇ ਡਾਊਨਲੋਡ ਕੀਤਾ ਜਾ ਸਕਦਾ ਹੈ) ਕਰ ਕੇ ਭੇਜੀਆਂ ਜਾ ਰਹੀਆਂ ਹਨ। ਸਕੂਲ ਮੁਖੀ ਇਸ ਗੱਲ ਨੂੰ ਯਕੀਨੀ ਬਨਾਉਣਗੇ ਕਿ ਇਹ ਵਰਕਸ਼ੀਟਾਂ ਦੀ ਫੋਟੋ ਕਾਪੀ /ਪ੍ਰਿੰਟ ਹਰੇਕ ਵਿਦਿਆਰਥੀ ਕੋਲ ਉਪਲਬਧ ਹੋਣ ਤਾਂ ਜੋ ਵਿਦਿਆਰਥੀ ਇਸ ਦੀ ਸਲਾਨਾ ਪ੍ਰੀਖਿਆਵਾਂ ਦੌਰਾਨ ਵਰਤੋਂ ਕਰ ਸਕਣ। ਇਸ ਤੋਂ ਇਲਾਵਾ ਅਧਿਆਪਕ ਅਤੇ ਵਿਦਿਆਰਥੀ ਪਹਿਲਾ ਭੇਜੀਆਂ ਗਈਆਂ ਵਰਕਸ਼ੀਟਾਂ ਦੀ ਵਰਤੋਂ ਵੀ ਲੋੜ ਅਨੁਸਾਰ ਕਰ ਸਕਦੇ ਹਨ।

4.4. ਇਸ ਗਤੀਵਿਧੀ ਦੀ ਮੋਨਿਟਰਿੰਗ ਮੁੱਖ ਦਫ਼ਤਰ ਦੀਆਂ ਟੀਮਾਂ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ), ਪ੍ਰਿੰਸੀਪਲਜ਼ ਡਾਇਟ, ਡਾਇਟ ਫੈਕਲਟੀ, BNOs ਅਤੇ ASG ਗੁਰੱਪ ਦੇ ਮੈਂਬਰਾਂ ਦੁਆਰਾ ਕੀਤੀ ਜਾਵੇਗੀ।

4.5. ਆਪ ਨੂੰ ਲਿਖਿਆ ਜਾਂਦਾ ਹੈ ਕਿ ਉੱਕਤ ਦਿਸ਼ਾ ਨਿਰਦੇਸ਼ਾ ਅਨੁਸਾਰ ਸਕੂਲ ਗ੍ਰਾਂਟ ਖਰਚ ਕਰਨ ਉਪਰੰਤ ਇਸਦਾ ਵਰਤੋਂ ਸਰਟੀਫਿਕੇਟ ਮੁੱਖ ਦਫ਼ਤਰ ਨੂੰ DEO(EE) ਰਾਹੀਂ ਮਿਤੀ 30-10-2026 ਤਕ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਸੰਬੰਧੀ ਹੋਏ ਖਰਚੇ ਨੂੰ ਮਿਤੀ 5-11-2026 ਤੱਕ ਜ਼ਿਲ੍ਹੇ ਦੇ Parbandh Portal ਤੇ ਦਰਜ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਕਿਰਨ ਸ਼ਰਮਾ, ਪੀ.ਸੀ.ਐਸ.

ਡਾਇਰੈਕਟਰ, ਐਸ.ਸੀ.ਈ.ਆਰ.ਟੀ.,

ਪੰਜਾਬ।

ਪਿਠ ਅੰਕਣ ਨੰ: ਉਕਤ **ਮਿਤੀ: 19-10-2026**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਨਿ.ਸ/ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.) ਪੰਜਾਬ।

(ਡਾ. ਰਾਜੀਵ ਕੁਮਾਰ)

ਸਹਾਇਕ ਡਾਇਰੈਕਟਰ,

ਐਸ.ਸੀ.ਈ.ਆਰ.ਟੀ., ਪੰਜਾਬ।